# ਪੈਂਟਾਮਿਡੀਨ PENTAMIDINE

- ਇਹ ਦਵਾਈ ਇੱਕ ਨਿਬੁਲਾਈਜ਼ਰ (ਇੱਕ ਯੰਤਰ ਜੋ ਤਰਲ ਨੂੰ ਵਾਸ਼ਪ ਵਿਚ ਬਦਲਦਾ ਹੈ) ਰਾਹੀਂ ਸਾਹ ਦੁਆਰਾ ਕਲੀਨਿਕ ਜਾਂ ਹਸਪਤਾਲ ਵਿਚ ਦਿੱਤੀ ਜਾਂਦੀ ਹੈ। ਇਹ ਨਾੜ ਵਿਚ ਟੀਕੇ ਰਾਹੀਂ ਵੀ ਦਿੱਤੀ ਜਾ ਸਕਦੀ ਹੈ।
- ਇਹ ਦਵਾਈ ਬੀ.ਸੀ. ਟ੍ਰਾਂਸਪਲਾਂਟ ਵੱਲੋਂ ਨਹੀਂ ਦਿੱਤੀ ਜਾਂਦੀ ਅਤੇ ਤੁਸੀਂ ਆਪਣੀ ਮਰਜ਼ੀ ਦੀ ਫਾਰਮੇਸੀ ਤੋਂ ਖ਼ਰੀਦ ਸਕਦੇ ਹੋ।

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

**ਪੈਂਟਾਮਿਡੀਨ 300 ਮਿ.ਗ੍ਰਾਮ ਦੀ ਸ਼ੀਸ਼ੀ (ਨਿਬੁਲਾਈਜ਼ੇਸ਼ਨ ਲਈ)**






## ਇਹ ਦਵਾਈ ਕਿਸ ਲਈ ਹੈ? What is this medication for?

ਪੈਂਟਾਮਿਡੀਨ ਇੱਕ ਖ਼ਾਸ ਕਿਸਮ ਦੇ ਨਿਮੂਨੀਏ (ਫੇਫੜੇ ਦੀ ਇਨਫੈਕਸ਼ਨ) ਜਿਸ ਨੂੰ PCP ਜਾਂ PJP ਵੀ ਕਹਿੰਦੇ ਹਨ ਨੂੰ ਰੋਕਣ ਜਾਂ ਇਲਾਜ ਕਰਨ ਲਈ ਵਰਤੀ ਜਾਂਦੀ ਹੈ। ਕਮਜ਼ੋਰ ਇਮਿਊਨ ਸਿਸਟਮ ਵਾਲੇ ਮਰੀਜ਼ਾਂ (ਮਿਸਾਲ ਲਈ ਜਿਨ੍ਹਾਂ ਦਾ ਅੰਗ ਬਦਲੀ ਹੋਇਆ ਹੈ) ਵਿਚ ਇਸ ਕਿਸਮ ਦੀ ਇਨਫ਼ੈਕਸ਼ਨ ਆਮ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਨੂੰ ਸਲਫਾ ਤੋਂ ਐਲਰਜੀ ਹੋਵੇ ਜਾਂ ਸਲਫਾਮੀਥੋਕਸਾਜ਼ੋਲ/ ਟਰਾਈਮੀਥੋਪਰਿਮ ਤੋਂ ਬੁਰੇ ਪ੍ਰਭਾਵ ਹੋਏ ਹੋਣ ਤਾਂ ਪੈਂਟਾਮਿਡੀਨ ਵਾਸ਼ਪ ਰਾਹੀਂ ਦਿੱਤੀ ਜਾਂਦੀ ਹੈ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

| | |
|---|---|
| ਪੈਂਟਾਮਿਡੀਨ ਨਿਬੁਲਾਈਜ਼ਰ ਨਾਲ **ਮਹੀਨੇ ਵਿਚ 1 ਵਾਰ** ਦਿੱਤੀ ਜਾਂਦੀ ਹੈ | ਤੁਹਾਡੀ ਦਵਾਈ ਦਾ ਟਾਈਮ: ________________________________ |

- ਪੈਂਟਾਮਿਡੀਨ ਹਸਪਤਾਲ ਵਿਚ ਪਲਮੋਨਰੀ ਫ਼ੰਕਸ਼ਨ ਲੈਬ ਦੇ ਇਕ ਨਿਰਧਾਰਤ ਕਮਰੇ ਵਿਚ ਦਿੱਤੀ ਜਾਂਦੀ ਹੈ।
- ਸਾਹ ਦੁਆਰਾ ਪੈਂਟਾਮਿਡੀਨ ਮਹੀਨੇ ਵਿਚ 1 ਵਾਰ ਦਿੱਤੀ ਜਾਂਦੀ ਹੈ। ਇਹ ਦਵਾਈ ਕਿੰਨੀ ਦੇਰ ਤੱਕ ਦੇਣੀ ਹੈ ਇਸਦਾ ਫੈਸਲਾ ਤੁਹਾਡਾ ਡਾਕਟਰ ਕਰੇਗਾ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| ***ਬੁਰੇ ਪ੍ਰਭਾਵ Side Effect*** | **ਇਲਾਜ Management** |
|---|---|
| ***ਛਾਤੀ ਵਿਚ ਦਰਦ, ਖੰਘ ਜਾਂ ਸਾਹ ਲੈਣ ਨਾਲ ਅਵਾਜ਼ ਹੋਣੀ*** | ਇਹ ਲੱਛਣ ਘਟ ਕਰਨ ਲਈ ਤੁਹਾਨੂੰ ਪੈਂਟਾਮਿਡੀਨ ਤੋਂ ਪਹਿਲਾਂ ਕੋਈ ਹੋਰ ਦਵਾਈ (ਸਲਬੁਟਾਮੋਲ, ਵੈਂਟੋਲਿਨ) ਸਾਹ ਲੈਣ ਲਈ ਦਿੱਤੀ ਜਾਏਗੀ। |
| ***ਭੁੱਖ ਘਟਣੀ*** | ਇਹ ਅਸਥਾਈ ਲੱਛਣ ਹੈ ਅਤੇ ਕੁੱਝ ਦਿਨਾਂ ਬਾਅਦ ਭੁੱਖ ਠੀਕ ਹੋ ਜਾਏਗੀ। |
| ***ਚੱਕਰ ਆਉਣੇ/ ਥਕਾਵਟ/ਥਕੇਵਾਂ*** | ਸਾਹ ਆਹਿਸਤਾ ਲਵੋ, ਜੇ ਜ਼ਰੂਰਤ ਹੋਵੇ ਤਾਂ ਪੈਂਟਾਮਿਡੀਨ ਬੰਦ ਕਰ ਦਿਓ। |
| ***ਖੰਘ ਅਤੇ ਗਲਾ ਖ਼ਰਾਬ*** | ਜੇ ਲੱਛਣ ਜ਼ਿਆਦਾ ਪ੍ਰੇਸ਼ਾਨ ਕਰਦੇ ਹਨ ਤਾਂ ਖੰਘ ਲਈ ਗੋਲੀਆਂ ਜਾਂ ਸਿਰਪ ਲਵੋ। |
| ***ਮੂੰਹ ਦਾ ਸਵਾਦ ਕੌੜਾ ਜਾਂ ਧਾਤੂ ਵਰਗਾ*** | ਪੈਂਟਾਮਿਡੀਨ ਦੇ ਇਲਾਜ ਤੋਂ ਬਾਅਦ ਚੁਲੀਆਂ ਕਰੋ। ਜੇ ਐਸਾ ਇਲਾਜ ਦੌਰਾਨ ਹੋਵੇ ਤਾਂ ਦਵਾਈ ਵਾਲੇ ਸਾਹ ਲੈਣੇ ਬੰਦ ਕਰੋ ਅਤੇ ਪਾਣੀ ਪੀਓ। |